# ਨਵੇਂ ਵਾਲੰਟੀਅਰਾਂ ਲਈ ਇੰਡਕਸ਼ਨ ਅਤੇ ਔਨਬੋਰਡਿੰਗ

## Induction and Onboarding for New Volunteers
## ਗਾਈਡ / Guide

volunteering VICTORIA

Punjabi | ਪੰਜਾਬੀ

**ਇੰਡਕਸ਼ਨ ਅਤੇ ਔਨਬੋਰਡਿੰਗ ਨਵੇਂ ਵਾਲੰਟੀਅਰਾਂ ਨੂੰ ਉਹ ਸਾਰੀ ਜਾਣਕਾਰੀ ਪ੍ਰਦਾਨ ਕਰਦੀ ਹੈ ਜਿਸਦੀ ਉਹਨਾਂ ਨੂੰ ਸੰਸਥਾ ਦੇ ਅੰਦਰ ਉਹਨਾਂ ਦੀਆਂ ਜ਼ਿੰਮੇਵਾਰੀਆਂ ਅਤੇ ਉਹਨਾਂ ਦੇ ਅਧਿਕਾਰਾਂ ਨੂੰ ਸਮਝਣ ਲਈ ਲੋੜ ਹੁੰਦੀ ਹੈ।**

ਇਹ ਵਾਲੰਟੀਅਰ ਪ੍ਰੋਗਰਾਮਾਂ ਲਈ ਜ਼ੋਖਮ ਪ੍ਰਬੰਧਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਹ ਵਾਲੰਟੀਅਰਾਂ ਨੂੰ ਉਹਨਾਂ ਦੀ ਭੂਮਿਕਾ ਬਾਰੇ ਉਹਨਾਂ ਦੇ ਕਿਸੇ ਵੀ ਸਵਾਲ ਬਾਰੇ ਸਪੱਸ਼ਟਤਾ ਲੈਣ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ।

### ਨਵੇਂ ਵਾਲੰਟੀਅਰਾਂ ਦਾ ਸੁਆਗਤ

ਚੰਗੀ ਤਰ੍ਹਾਂ ਯੋਜਨਾ ਬਣਾ ਕੇ ਕੀਤੀ ਗਈ ਵਾਲੰਟੀਅਰ ਔਨਬੋਰਡਿੰਗ ਤੁਹਾਡੇ ਪ੍ਰੋਗਰਾਮ ਜਾਂ ਗਰੁੱਪ ਦੇ ਸਮੇਂ ਅਤੇ ਸਰੋਤਾਂ ਨੂੰ ਬਚਾਏਗੀ। ਇਹ ਦੋਵੇਂ ਪਾਸੇ ਵਾਲੰਟੀਅਰ ਸੰਬੰਧਾਂ ਦੀਆਂ ਉਮੀਦਾਂ ਨੂੰ ਪਰਿਭਾਸ਼ਿਤ ਕਰਦਾ ਹੈ।

ਵਾਲੰਟੀਅਰਾਂ ਕੋਲ ਆਪਣੀ ਭੂਮਿਕਾ ਨਿਭਾਉਣ ਲਈ ਲੋੜੀਂਦੀ ਜਾਣਕਾਰੀ ਹੋਣੀ ਚਾਹੀਦੀ ਹੈ। ਸੰਸਥਾਤਮਕ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਮਝਣ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਮਹੱਤਵਪੂਰਨ ਹੈ। ਇਹ ਵਾਲੰਟੀਅਰ ਨੂੰ ਸਪੱਸ਼ਟ ਉਮੀਦਾਂ ਪ੍ਰਦਾਨ ਕਰਕੇ ਆਪਣਾ ਕੰਮ ਕਰਨ ਲਈ ਤਿਆਰ ਕਰਦਾ ਹੈ। ਵਿਆਪਕ ਇੰਡਕਸ਼ਨ ਸੰਭਾਵਿਤ ਕਾਰਗੁਜ਼ਾਰੀ ਸਮੱਸਿਆਵਾਂ ਅਤੇ ਵਿਵਾਦ ਹੋਣ ਦੇ ਕਾਰਨ ਪੈਦਾ ਹੋਣ ਤੋਂ ਬਚਣ ਵਿੱਚ ਮੱਦਦ ਕਰ ਸਕਦੀ ਹੈ।

### ਇੱਕ ਯੋਜਨਾ ਬਣਾਓ

» ਇੰਡਕਸ਼ਨ ਰਸਮੀ ਹੋ ਸਕਦੀ ਹੈ: ਉਦਾਹਰਨ ਲਈ, ਵਾਲੰਟੀਅਰਾਂ ਦੇ ਸਮੂਹ ਲਈ ਇੱਕ ਸਿਖਲਾਈ ਸੈਸ਼ਨ। ਇਹ ਸੰਬੰਧਿਤ ਸਟਾਫ਼ ਮੈਂਬਰਾਂ ਨਾਲ ਵਿਅਕਤੀਗਤ ਰੂਪ ਵਿੱਚ ਕੀਤੀ ਗਈ ਗ਼ੈਰ-ਰਸਮੀ ਗੱਲਬਾਤ ਵੀ ਹੋ ਸਕਦੀ ਹੈ।
» ਯਕੀਨੀ ਬਣਾਓ ਕਿ ਤੁਹਾਡੇ ਕੋਲ ਸਾਰੇ ਮੁੱਖ ਵਿਸ਼ਿਆਂ ਬਾਰੇ ਗੱਲਬਾਤ ਕਰਨ ਲਈ ਢੁੱਕਵਾਂ ਸਮਾਂ ਹੈ। ਇੱਥੇ ਵਾਲੰਟੀਅਰ ਦੀ ਭੂਮਿਕਾ ਨਾਲ ਸੰਬੰਧਿਤ ਵਿਸ਼ੇਸ਼ ਵਿਸ਼ੇ ਹੋਣਗੇ। ਹੋਰ ਵਿਸ਼ਿਆਂ ਵਿੱਚ ਸੰਸਥਾ ਨਾਲ ਆਮ ਜਾਣ-ਪਛਾਣ ਹੋ ਸਕਦੀ ਹੈ।
» ਤੁਸੀਂ ਇੰਡਕਸ਼ਨ ਰਾਹੀਂ ਵਾਲੰਟੀਅਰਾਂ ਨੂੰ ਕੀ ਸਿਖਾਉਣਾ ਚਾਹੁੰਦੇ ਹੋ ਇਸ ਲਈ ਤੁਹਾਡੇ ਕੋਲ ਇੱਕ ਸਪੱਸ਼ਟ ਯੋਜਨਾ ਵੀ ਹੋਣੀ ਚਾਹੀਦੀ ਹੈ। ਇੱਕ ਚੈੱਕਲਿਸਟ ਬਣਾਉਣ ਨਾਲ ਇਹ ਯਕੀਨੀ ਹੋਵੇਗਾ ਕਿ ਤੁਸੀਂ ਸਾਰੇ ਸੰਬੰਧਿਤ ਵਿਸ਼ਿਆਂ ਬਾਰੇ ਗੱਲਬਾਤ ਕਰਦੇ ਹੋ ਅਤੇ ਸਾਰੇ ਨਵੇਂ ਵਾਲੰਟੀਅਰਾਂ ਨੂੰ ਇਕਸਾਰਤਾ ਵੀ ਪ੍ਰਦਾਨ ਕਰੇਗਾ।
» ਤੁਹਾਨੂੰ ਫਿਰ ਸੈਸ਼ਨ ਦੀ ਸਮੀਖਿਆ ਕਰਕੇ ਉਹਨਾਂ ਨੂੰ ਆਈ ਸਮਝ ਦੀ ਜਾਂਚ ਕਰਨੀ ਚਾਹੀਦੀ ਹੈ। ਸੈਸ਼ਨ ਪੂਰਾ ਹੋਣ ਤੋਂ ਬਾਅਦ ਉਹਨਾਂ ਨੂੰ ਆਪਣੇ ਰਿਕਾਰਡਾਂ ਲਈ ਸੰਬੰਧਿਤ ਨੀਤੀਆਂ 'ਤੇ ਦਸਤਖ਼ਤ ਕਰਨ ਲਈ ਕਹੋ।

### ਇੱਥੋਂ ਤੱਕ ਕਿ ਛੋਟੇ ਯੋਗਦਾਨ ਵੀ ਵੱਡੇ ਪ੍ਰਭਾਵ ਪਾਉਂਦੇ ਹਨ

ਆਪਣੇ ਮੌਕੇ ਦਾ ਆਪਣੀ ਸੰਸਥਾ ਦੇ ਮਕਸਦ, ਮਿਸ਼ਨ ਅਤੇ ਪ੍ਰਭਾਵ ਨੂੰ ਉਤਸ਼ਾਹਿਤ ਕਰਨ ਲਈ ਫਾਇਦਾ ਉਠਾਓ। ਸ਼ਾਇਦ ਕੁੱਝ ਕੁ ਵਾਲੰਟੀਅਰ ਭੂਮਿਕਾਵਾਂ ਦੁਨੀਆ ਦੀਆਂ ਸਭ ਤੋਂ ਵੱਧ ਚਕਾਚੌਂਧ ਕਰਨ ਵਾਲੀਆਂ ਨੌਕਰੀਆਂ ਨਾ ਹੋਣ। ਇੱਕ ਵਾਲੰਟੀਅਰ ਦਾ ਇਹ ਜਾਣਦੇ ਹੋਣਾ ਕਿ ਉਨ੍ਹਾਂ ਦਾ ਯੋਗਦਾਨ ਕਿਵੇਂ ਫ਼ਰਕ ਪਾਉਂਦਾ ਹੈ, ਇੱਕ ਵੱਡਾ ਪ੍ਰੇਰਕ ਬਣ ਸਕਦਾ ਹੈ।

### ਭੂਮਿਕਾ ਬਾਰੇ ਜਾਣਕਾਰੀ

» ਵਾਲੰਟੀਅਰ ਦੀ ਭੂਮਿਕਾ ਨਾਲ ਸੰਬੰਧਿਤ ਸੰਸਥਾ ਦੀਆਂ ਸੇਵਾਵਾਂ ਦੀ ਇੱਕ ਸੰਖੇਪ ਜਾਣਕਾਰੀ ਦਿਓ।
» ਇਹ ਸਪੱਸ਼ਟ ਕਰੋ ਕਿ ਵਾਲੰਟੀਅਰ, ਸਟਾਫ਼, ਅਤੇ ਪ੍ਰਬੰਧਕ ਹਰੇਕ ਕਿਹੜੀ ਭੂਮਿਕਾ ਨਿਭਾਉਂਦੇ ਹਨ, ਅਤੇ ਇਹਨਾਂ ਭੂਮਿਕਾਵਾਂ ਵਿਚਕਾਰ ਕੀ ਸੰਬੰਧ ਹੈ।
» ਵਾਲੰਟੀਅਰ ਨੂੰ ਹਰੇਕ ਉਸ ਸਿਖਲਾਈ ਜਾਂ ਭੂਮਿਕਾ ਬਾਰੇ ਜਾਣਕਾਰੀ ਦੀਆਂ ਗਤੀਵਿਧੀਆਂ ਬਾਰੇ ਸਪੱਸ਼ਟ ਜਾਣਕਾਰੀ ਦਿਓ ਜਿਸ ਵਿੱਚ ਉਹ ਸ਼ਾਮਲ ਹੋਣਗੇ ਅਤੇ ਕਿਉਂ।

- ਉਸ ਵਾਲੰਟੀਅਰ ਲਈ ਸੰਬੰਧਿਤ ਪ੍ਰਕਿਰਿਆਵਾਂ ਦਾ ਵਰਣਨ ਕਰੋ। ਇਹ ਖ਼ਾਸ ਤੌਰ 'ਤੇ ਉਹਨਾਂ ਭੂਮਿਕਾਵਾਂ ਲਈ ਮਹੱਤਵਪੂਰਨ ਹੈ ਜਿਨ੍ਹਾਂ ਦੀਆਂ ਖ਼ਾਸ ਵਿਧਾਨਕ ਜਾਂ ਰੈਗੂਲੇਟਰੀ ਲੋੜਾਂ ਹੁੰਦੀਆਂ ਹਨ, ਜਿਵੇਂ ਕਿ ਕਮੇਟੀ ਜਾਂ ਬੋਰਡ ਮੈਂਬਰ।
- ਉਹਨਾਂ ਦੀ ਭੂਮਿਕਾ ਲਈ ਅਹੁਦੇ ਦਾ ਵੇਰਵਾ ਪ੍ਰਦਾਨ ਕਰੋ। ਇਹ ਭਵਿੱਖ ਦੇ ਹਵਾਲੇ ਲਈ ਭੂਮਿਕਾ ਦੀਆਂ ਲੋੜਾਂ ਅਤੇ ਰਿਪੋਰਟਿੰਗ ਢਾਂਚੇ ਬਾਰੇ ਸਪੱਸ਼ਟ ਮਾਰਗਦਰਸ਼ਨ ਦੇਵੇਗਾ।
- ਸੰਬੰਧਿਤ ਕਰਮਚਾਰੀਆਂ ਨੂੰ ਭੌਤਿਕ ਵਾਤਾਵਰਣ, ਸਾਜ਼-ਸਾਮਾਨ ਅਤੇ ਸਹੂਲਤਾਂ ਨਾਲ ਰੂ-ਬ-ਰੂ ਕਰਵਾਓ।

## ਅਧਿਕਾਰ ਅਤੇ ਜ਼ਿੰਮੇਵਾਰੀਆਂ

ਇਹ ਯਕੀਨੀ ਬਣਾਓ ਕਿ ਵਾਲੰਟੀਅਰਾਂ ਨੂੰ ਉਸ ਭੂਮਿਕਾ ਅਤੇ ਸੰਸਥਾ ਨਾਲ ਸੰਬੰਧਿਤ ਉਨ੍ਹਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਵਾਇਆ ਗਿਆ ਹੈ। ਇਹ ਟੀਮਾਂ ਦੇ ਅੰਦਰ ਟਕਰਾਅ ਨੂੰ ਘਟਾ ਸਕਦਾ ਹੈ ਅਤੇ ਵਾਲੰਟੀਅਰ ਲਈ ਵਧੇਰੇ ਸਹਾਇਕ ਮਾਹੌਲ ਪ੍ਰਦਾਨ ਕਰ ਸਕਦਾ ਹੈ।

ਵਾਲੰਟੀਅਰਾਂ ਨੂੰ ਸਾਰੀਆਂ ਸੰਬੰਧਿਤ ਨੀਤੀਆਂ ਅਤੇ ਪ੍ਰਕਿਰਿਆਵਾਂ ਪ੍ਰਦਾਨ ਕਰੋ। ਇਹ ਯਕੀਨੀ ਬਣਾਉਣ ਲਈ ਇਨ੍ਹਾਂ ਨੂੰ ਉਹਨਾਂ ਨੂੰ ਸਮਝਾਓ ਕਿ ਉਹਨਾਂ ਨੂੰ ਆਪਣੀ ਭੂਮਿਕਾ ਨਾਲ ਸਬੰਧਿਤ ਸਹੀ ਸਮਝ ਹੋ ਸਕੇ।

## ਆਮ ਔਨਬੋਰਡਿੰਗ ਪੈਕੇਜ

ਇੱਕ ਔਨਬੋਰਡਿੰਗ ਪੈਕੇਜ ਨਵੇਂ ਵਾਲੰਟੀਅਰਾਂ ਨੂੰ ਸਵਾਗਤ ਕੀਤਾ ਜਾਂਦਾ ਮਹਿਸੂਸ ਕਰਵਾ ਸਕਦਾ ਹੈ। ਇਹ ਉਹਨਾਂ ਨੂੰ ਆਪਣੀ ਭੂਮਿਕਾ ਨਿਭਾਉਣ ਲਈ ਲੋੜੀਂਦੀ ਜਾਣਕਾਰੀ ਅਤੇ ਦਸਤਾਵੇਜ਼ ਪ੍ਰਦਾਨ ਕਰ ਸਕਦਾ ਹੈ।

ਇਸ ਪੈਕੇਜ ਵਿੱਚ ਇਹ ਸ਼ਾਮਲ ਹੋ ਸਕਦਾ ਹੈ:

- ਸੁਆਗਤ ਪੱਤਰ
- ਸੰਸਥਾ ਦੇ ਇਤਿਹਾਸ, ਦਰਸ਼ਨ, ਮਿਸ਼ਨ, ਗਾਹਕਾਂ, ਢਾਂਚੇ ਅਤੇ ਫ਼ੰਡ ਅਧਾਰ ਦੀ ਇੱਕ ਝਲਕ
- ਵਾਲੰਟੀਅਰ ਦੀ ਭੂਮਿਕਾ ਦਾ ਵੇਰਵਾ
- ਵਾਲੰਟੀਅਰ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦਾ ਬਿਆਨ
- ਸਿਖਲਾਈ ਸਮਾਂ-ਸੂਚੀ
- ਸੰਸਥਾ ਦੀ ਵਾਲੰਟੀਅਰ ਨੀਤੀ
- ਸੰਬੰਧਿਤ ਪ੍ਰਕਿਰਿਆਵਾਂ ਅਤੇ ਨੀਤੀਆਂ ਦੀ ਸੂਚੀ, ਅਤੇ ਉਹਨਾਂ ਨੂੰ ਕਿੱਥੋਂ ਪ੍ਰਾਪਤ ਕਰਨਾ ਹੈ
- ਸੰਬੰਧਿਤ ਫਾਰਮ (ਜਿਵੇਂ ਕਿ ਖ਼ਰਚਿਆਂ ਦੀ ਭਰਪਾਈ, ਹਾਜ਼ਰੀ ਰਿਕਾਰਡ, ਆਦਿ)
- ਕੰਮ ਵਾਲੀ ਥਾਂ ਅਤੇ ਨਿਕਾਸੀ ਸਥਾਨਾਂ ਦਾ ਨਕਸ਼ਾ
- ਸੰਸਥਾ ਦਾ ਚਾਰਟ ਅਤੇ/ਜਾਂ ਮੁੱਖ ਕਰਮਚਾਰੀਆਂ ਦੀ ਸੂਚੀ, ਨਾਮ ਅਤੇ ਸੰਪਰਕ ਵੇਰਵੇ
- ਸੰਸਥਾ ਦੀ ਤਾਜ਼ਾ ਸਾਲਾਨਾ ਰਿਪੋਰਟ
- ਐਮਰਜੈਂਸੀ ਪ੍ਰਕਿਰਿਆਵਾਂ
- ਗੰਭੀਰ ਘਟਨਾਵਾਂ, ਸੱਟਾਂ ਜਾਂ ਹੁੰਦੇ-ਹੁੰਦੇ ਬਚੀਆਂ ਘਟਨਾਵਾਂ ਦੀ ਰਿਪੋਰਟ ਕਰਨ ਲਈ ਨਿਰਦੇਸ਼
- ਬੀਮਾ ਸੁਰੱਖਿਆ ਨਾਲ ਸੰਬੰਧਿਤ ਜਾਣਕਾਰੀ
- ਕੰਮਕਾਜੀ ਘੰਟਿਆਂ, ਜਨਤਕ ਛੁੱਟੀਆਂ ਆਦਿ ਦੇ ਵੇਰਵੇ
- ਆਉਣ ਵਾਲੀਆਂ ਮਹੱਤਵਪੂਰਨ ਸਮਾਗਮਾਂ ਬਾਰੇ ਜਾਣਕਾਰੀ।

ਰੈਗੂਲੇਟਰੀ ਜਾਂ ਵਿਧਾਨਕ ਲੋੜਾਂ ਦੀ ਰੂਪਰੇਖਾ ਦਿਓ, ਜਿਵੇਂ ਕਿ ਗੁਪਤਤਾ ਜਾਂ ਸਿਹਤ ਅਤੇ ਸੁਰੱਖਿਆ। ਵਾਲੰਟੀਅਰਾਂ ਨੂੰ ਅਜਿਹੀ ਜਾਣਕਾਰੀ ਦੇਣ ਅਤੇ ਸਮਝਣ ਯੋਗ ਬਣਾਉਣ ਵਿੱਚ ਅਸਫ਼ਲਤਾ ਉਸ ਸੰਸਥਾ ਜਾਂ ਵਾਲੰਟੀਅਰ ਨੂੰ ਕਾਨੂੰਨੀ ਦੇਣਦਾਰੀ ਦਾ ਸਾਹਮਣਾ ਕਰਨ ਦੇ ਜ਼ੋਖਮ ਵਿੱਚ ਪਾ ਸਕਦੀ ਹੈ। ਤੁਹਾਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਕਿ ਵਾਲੰਟੀਅਰ ਕਿਸ ਤਰ੍ਹਾਂ ਚਿੰਤਾਵਾਂ ਉਠਾ ਸਕਦੇ ਹਨ।

## ਨੀਤੀ ਵਿੱਚ ਇਹ ਹੋਣੇ ਲਾਜ਼ਮੀ ਹਨ

ਤੁਹਾਡੇ ਇੰਡਕਸ਼ਨ ਪ੍ਰੋਗਰਾਮ ਵਿੱਚ ਸੰਸਥਾਤਮਕ ਨੀਤੀਆਂ ਅਤੇ ਰੈਗੂਲੇਟਰੀ ਲੋੜਾਂ ਦੀ ਸੰਖੇਪ ਜਾਣਕਾਰੀ ਸ਼ਾਮਲ ਕਰਨ ਦੀ ਲੋੜ ਹੋਵੇਗੀ। ਕਈ ਵਿਸ਼ੇ ਜਿਹੜੇ ਵਾਲੰਟੀਅਰ ਨੂੰ ਸ਼ਾਮਲ ਕਰਨ ਵਾਲੀਆਂ ਜ਼ਿਆਦਾਤਰ ਸੰਸਥਾਵਾਂ ਵਿੱਚ ਆਮ ਹਨ, ਹੇਠ ਲਿਖੇ ਹਨ:

- ਜਿਨਸੀ ਛੇੜ-ਛਾੜ

© Volunteering Victoria 2024। ਮਾਰਚ 2024 (ਵਰਜਨ 2) ਨੂੰ ਸਮੀਖਿਆ ਕੀਤੀ ਗਈ। Volunteering Victoria ਵਾਲੰਟੀਅਰ ਕੰਮਾਂ ਲਈ ਰਾਜ ਦੀ ਪੀਕ ਬਾਡੀ ਹੈ। ABN 79 378 017 212
ਇਹ ਲੇਖ ਸਿਰਫ਼ ਆਮ ਜਾਣਕਾਰੀ ਹੈ, ਕਾਨੂੰਨੀ ਸਲਾਹ ਨਹੀਂ ਹੈ। ਜੇਕਰ ਤੁਸੀਂ ਪੂਰੀ ਪੱਕੀ ਤਰ੍ਹਾਂ ਯਕੀਨੀ ਨਹੀਂ ਹੋ, ਤਾਂ ਹਮੇਸ਼ਾ ਆਪਣੀਆਂ ਲੋੜਾਂ ਦੇ ਸੰਬੰਧ ਵਿੱਚ ਕਿਸੇ ਕਾਨੂੰਨੀ ਪੇਸ਼ੇਵਰ ਨਾਲ ਸਲਾਹ ਕਰੋ। ਕਾਨੂੰਨੀ ਸਲਾਹ ਪ੍ਰਾਪਤ ਕਰਨ ਲਈ ਮਾਰਗਦਰਸ਼ਨ ਲੈਣ ਲਈ, ਜਸਟਿਸ ਕਨੈਕਟ - nfplaw.org.au 'ਤੇ ਜਾਓ।

ਇਸ ਸਰੋਤ ਦਾ ਅਨੁਵਾਦ Polaron Language Service (ਪੋਲਾਰਨ ਲੈਂਗੁਏਜ ਸਰਵਿਸ) ਦੁਆਰਾ ਕੀਤਾ ਗਿਆ ਹੈ। ਤੁਸੀਂ ਆਪਣਾ ਫੀਡਬੈਕ https://feedbacknow.services/ 'ਤੇ ਸਾਂਝਾ ਕਰ ਸਕਦੇ ਹੋ।

» ਨਿੱਜਤਾ, ਗੁਪਤਤਾ, ਅਤੇ ਰਿਕਾਰਡ ਪ੍ਰਬੰਧਨ
» ਕਿੱਤਾਮੁਖੀ ਸਿਹਤ ਅਤੇ ਸੁਰੱਖਿਆ
» ਭੇਦਭਾਵ
» ਚਾਲ-ਚਲਣ (ਆਚਰਨ ਸੰਹਿਤਾ)
» ਸ਼ਿਕਾਇਤਾਂ ਅਤੇ ਉਲਾਂਭੇ

ਜੇਕਰ ਤੁਸੀਂ ਬੋਰਡ ਦੇ ਮੈਂਬਰਾਂ ਨੂੰ ਕਿਸੇ ਨਿਗਮਿਤ ਸੰਸਥਾ ਵਿੱਚ ਸ਼ਾਮਲ ਕਰ ਰਹੇ ਹੋ, ਤਾਂ ਤੁਹਾਨੂੰ ਉਸ ਨਿਯਮ ਦੀਆਂ ਲੋੜਾਂ ਦੀ ਸਮੀਖਿਆ ਕਰਨ ਦੀ ਵੀ ਲੋੜ ਹੋਵੇਗੀ ਜੋ ਤੁਹਾਡੇ 'ਤੇ ਲਾਗੂ ਹੁੰਦੇ ਹਨ: Incorporated association rules - Consumer Affairs Victoria (ਇਨਕਾਰਪੋਰੇਟਿਡ ਐਸੋਸੀਏਸ਼ਨ ਨਿਯਮ - ਕਨਜ਼ਿਊਮਰ ਅਫੇਅਰਜ਼ ਵਿਕਟੋਰੀਆ)

## ਹੋਰ ਜਾਣਕਾਰੀ

ਵਾਲੰਟੀਅਰ ਕੰਮ ਕਰਨ ਲਈ ਵਿਕਟੋਰੀਆ ਦੀ ਪੀਕ ਬਾਡੀ ਹੋਣ ਦੇ ਨਾਤੇ, ਤੁਸੀਂ ਹਮੇਸ਼ਾ ਭਰੋਸੇਯੋਗ ਸਰੋਤਾਂ ਅਤੇ ਸਲਾਹ ਲਈ ਸਾਡੇ ਕੋਲ ਆ ਸਕਦੇ ਹੋ। *ਜ਼ਰੂਰੀ ਵਾਲੰਟੀਅਰ ਨੀਤੀਆਂ ਅਤੇ ਕਾਰਜ ਵਿਧੀਆਂ* ਬਾਰੇ ਤੁਹਾਡੀ ਸਮਝ ਨੂੰ ਜਾਰੀ ਰੱਖਣ ਲਈ ਹੇਠਾਂ ਕੁੱਝ ਮਦਦਗਾਰ ਲਿੰਕ ਅਤੇ ਸਰੋਤ ਦਿੱਤੇ ਗਏ ਹਨ।

» Volunteering Victoria ਦੀ ਵੈੱਬਸਾਈਟ ਸਮੇਂ ਸਿਰ ਅਤੇ ਭਰੋਸੇਮੰਦ ਸਹਾਇਤਾ, ਸਿਖਲਾਈ, ਸਰੋਤਾਂ ਅਤੇ ਮਾਹਰ ਸਲਾਹ ਦੇ ਨਾਲ, ਵਾਲੰਟੀਅਰ ਕਰਨ ਵਾਲੀਆਂ ਸਾਰੀਆਂ ਚੀਜ਼ਾਂ ਲਈ ਤੁਹਾਡਾ ਸਭ ਕੁਝ ਲਈ ਜਾਣਨ ਦਾ ਸਥਾਨ ਹੈ।

### ਜੋ ਤੁਸੀਂ ਲੱਭ ਰਹੇ ਹੋ ਉਹ ਨਹੀਂ ਲੱਭ ਪਾ ਰਹੇ?

ਆਪਣੇ ਸਵਾਲਾਂ ਲਈ ਕਿਸੇ ਵੀ ਸਮੇਂ Volunteering Victoria ਦੀ ਟੀਮ ਨਾਲ info@volunteeringvictoria.org.au 'ਤੇ ਸੰਪਰਕ ਕਰੋ।




© ਵ ... N 79 378 017 212
ਇਹ ... ਲ ਸਲਾਹ ਕਰੋ।
ਇਸ ... ਤੇ ਸਾਂਝਾ ਕਰ ਸਕਦੇ